## ਪਾਠ 3 ਮਾਇਕ੍ਰੋਸਾਫਟ ਐਕਸਲ (ਭਾਗ-1)

### ਪ੍ਰਸ਼ਨ: 1 ਖਾਲੀ ਥਾਵਾਂ ਭਰੋ:

1. ਵਰਕਬੁੱਕ__________ ਦਾ ਇਕੱਠ ਹੁੰਦੀ ਹੈ।
   ੳ. ਸੈੱਲ  ਅ. ਰੋਅ  ੲ. ਕਾਲਮ  ਸ. ਵਰਕਸ਼ੀਟ
2. ਇੱਕ ਸੈੱਲ ___ ਅਤੇ _____ ਦਾ ਕਾਟ ਖੇਤਰ ਹੁੰਦਾ ਹੈ।
   ੳ. ਰੋਅ, ਕਾਲਮ  ਅ. ਰੋਅ, ਸੈੱਲ ਅਡਰੈੱਸ  ੲ. ਕਾਲਮ, ਫਾਰਮੂਲਾ ਬਾਰ  ਸ. ਇਹਨਾਂ ਵਿੱਚੋਂ ਕੋਈ ਨਹੀਂ
3. ਐੱਮ. ਐੱਸ. ਐਕਸਲ ਵਿੱਚ ਫਿਲ ਹੈਂਡਲ _____ ਲਈ ਵਰਤਿਆ ਜਾਂਦਾ ਹੈ।
   ੳ. ਸੈੱਲ ਕੰਟੈਂਟ ਨੂੰ ਕਾਪੀ ਕਰਨ ਲਈ  ਅ. ਨੰਬਰ ਸੀਰੀਜ਼ ਭਰਨ ਲਈ
   ੲ. ਕਸਟਮ ਸੀਰੀਜ਼ ਭਰਨ ਲਈ  ਸ. ਉਪਰੋਕਤ ਸਾਰੇ
4. ਐੱਮ. ਐੱਸ. ਐਕਸਲ ਵਿੱਚ ਫਾਇਲ ਦੀ ਐਕਸਟੈਂਸ਼ਨ ____ ਹੁੰਦੀ ਹੈ।
   ੳ. .docx/.doc  ਅ. .xlsx/.xls  ੲ. .pptx/.ppt  ਸ. .txt
5. ਇਹਨਾਂ ਵਿੱਚੋਂ ਕਿਹੜਾ ਐੱਮ. ਐੱਸ. ਐਕਸਲ ਵਿੱਚ ਮੌਜੂਦ ਵਿਊ ਨਹੀਂ ਹੈ।
   ੳ. ਪੇਜ ਲੇਅਆਉਟ  ਅ. ਪੇਜ ਬ੍ਰੇਕ ਪ੍ਰੀਵਿਊ  ੲ. ਨੌਰਮਲ  ਸ. ਉਪਰੋਕਤ ਵਿਚੋਂ ਕੋਈ ਨਹੀਂ

### ਪ੍ਰਸ਼ਨ :2 ਇਹਨਾਂ ਕੰਮਾਂ ਨੂੰ ਕਰਨ ਲਈ ਵਰਤੇ ਜਾਂਦੇ ਸ਼ਾਰਟਕੱਟ ਕੀਅਜ਼ ਲਿਖੋ:

1. ਐੱਮ. ਐੱਸ. ਐਕਸਲ ਵਿੱਚ ਕੋਈ ਪਹਿਲਾਂ ਬਣੀ ਫਾਇਲ ਖੋਲਣ ਲਈ : Ctrl+O
2. ਐੱਮ. ਐੱਸ. ਐਕਸਲ ਵਿੱਚ ਫਾਇਲ ਨੂੰ ਸੇਵ ਕਰਨ ਲਈ : Ctrl+S
3. ਐੱਮ. ਐੱਸ. ਐਕਸਲ ਵਿੱਚ ਨਵੀਂ ਫਾਇਲ ਬਣਾਉਣ ਲਈ : Ctrl+N
4. ਐੱਮ. ਐੱਸ. ਐਕਸਲ ਵਿੱਚ ਡਾਊਨ ਫਿਲ ਕਰਨ ਲਈ : Ctrl+D
5. ਐੱਮ. ਐੱਸ. ਐਕਸਲ ਵਿੱਚ ਰਾਈਟ ਫਿਲ ਕਰਨ ਲਈ : Ctrl+R
6. ਐੱਮ. ਐੱਸ. ਐਕਸਲ ਵਿੱਚ ਕਾਪੀ ਕਰਨ ਲਈ : Ctrl+C
7. ਐੱਮ. ਐੱਸ. ਐਕਸਲ ਵਿੱਚ ਪੇਸਟ ਕਰਨ ਲਈ : Ctrl+V

### ਪ੍ਰਸ਼ਨ :3 ਸਹੀ ਜਾਂ ਗਲਤ ਦੱਸੋ:

1. ਐਕਟਿਵ ਸੈੱਲ ਦਾ ਐਡਰੈੱਸ ਹਮੇਸ਼ਾਂ ਨੇਮ ਬਾਕਸ ਵਿੱਚ ਪ੍ਰਦਰਸ਼ਿਤ ਹੁੰਦਾ ਹੈ। ਸਹੀ
2. ਐੱਮ. ਐੱਸ. ਐਕਸਲ ਦੇ ਸਾਰੇ ਕਾਲਮ 1 ਨਾਲ ਸ਼ੁਰੂ ਹੋਣ ਵਾਲੇ ਨੰਬਰਾਂ ਦੁਆਰਾ ਦਰਸਾਏ ਜਾਂਦੇ ਹਨ। ਗਲਤ
3. ਫਾਰਮੂਲੇ ਵਾਲਾ ਸੈੱਲ ਹਮੇਸ਼ਾ ਫਾਰਮੂਲੇ ਦਾ ਨਤੀਜਾ ਸੈੱਲ ਵਿੱਚ ਪ੍ਰਦਰਸ਼ਿਤ ਕਰਦਾ ਹੈ ਜਦੋਂ ਕਿ ਫਾਰਮੂਲਾ ਖੁਦ ਫਾਰਮੂਲਾ ਬਾਰ ਵਿੱਚ ਪ੍ਰਦਰਸ਼ਿਤ ਹੁੰਦਾ ਹੈ। ਸਹੀ
4. ਐੱਮ. ਐੱਸ. ਐਕਸਲ ਇੱਕ ਸਾਧਾਰਨ ਤੌਰ ਤੇ ਵਰਤਿਆ ਜਾਣ ਵਾਲਾ ਵਰਡ ਪ੍ਰੋਸੈਸਰ ਹੈ। ਗਲਤ
5. ਅਸੀਂ ਫਿੱਲ ਹੈਂਡਲ ਦੀ ਵਰਤੋਂ ਕਰਦੇ ਹੋਏ ਐੱਮ. ਐੱਸ. ਐਕਸਲ ਵਿੱਚ ਨੰਬਰ ਸੀਰੀਜ਼ ਭਰ ਸਕਦੇ ਹਾਂ। ਸਹੀ

### ਪ੍ਰਸ਼ਨ :4 ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**ਪ੍ਰ:1 ਐੱਮ. ਐੱਸ. ਐਕਸਲ ਨੂੰ ਪਰਿਭਾਸ਼ਤ ਕਰੋ।**

ਉ: ਮਾਈਕਰੋਸਾਫਟ ਐਕਸਲ ਇੱਕ ਸਪ੍ਰੈਡਸ਼ੀਟ ਪ੍ਰੋਗਰਾਮ ਹੈ ਜੋ ਮਾਈਕਰੋਸਾਫਟ ਕੰਪਨੀ ਦੁਆਰਾ ਤਿਆਰ ਕੀਤਾ ਗਿਆ ਹੈ। ਇਹ ਮਾਈਕਰੋਸਾਫਟ ਆਫਿਸ ਦਾ ਇਕ ਭਾਗ ਹੈ। ਇਸਦੀ ਵਰਤੋਂ ਡਾਟਾ ਨੂੰ ਰੋਅਜ਼ ਅਤੇ ਕਾਲਮਾਂ ਵਿੱਚ ਵਿਵਸਥਿਤ ਕਰਨ ਅਤੇ ਗਣਿਤਿਕ ਗਣਨਾਵਾਂ ਕਰਨ ਲਈ ਕੀਤੀ ਜਾਂਦੀ ਹੈ। ਅਸੀਂ ਚਾਰਟ ਅਤੇ ਗ੍ਰਾਫਸ ਦੀ ਵਰਤੋਂ ਕਰਕੇ ਡਾਟਾ ਨੂੰ ਗ੍ਰਾਫਿਕਲ ਰੂਪ ਵਿਚ ਵੀ ਦਰਸਾ ਸਕਦੇ ਹਾਂ। ਐਕਸਲ ਵਿੱਚ ਬਣਾਈਆਂ ਗਈਆਂ ਫਾਈਲਾਂ ਨੂੰ ਵਰਕਬੁੱਕ ਕਿਹਾ ਜਾਂਦਾ ਹੈ ਅਤੇ ਉਹਨਾਂ ਨੂੰ .xls ਜਾਂ .xlsx ਐਕਸਟੈਂਸ਼ਨ ਨਾਲ ਸੇਵ ਕੀਤਾ ਜਾਂਦਾ ਹੈ।



**ਪ੍ਰ:2 ਐੱਮ. ਐੱਸ. ਐਕਸਲ ਦੇ ਕੀ-ਕੀ ਉਪਯੋਗ ਹਨ?**

ਉ: ਐਮ.ਐਸ. ਐਕਸਲ ਦੇ ਕੁੱਝ ਮੁੱਖ ਉਪਯੋਗ ਹੇਠਾਂ ਦਿਤੇ ਗਏ ਹਨ:

1) ਐਕਸਲ ਦੀ ਵਰਤੋਂ ਗਣਿਤਿਕ ਗਣਨਾਵਾਂ ਕਰਨ ਲਈ ਕੀਤੀ ਜਾ ਸਕਦੀ ਹੈ।
2) ਚਾਰਟ ਦੀ ਵਰਤੋਂ ਕਰਕੇ ਡਾਟਾ ਨੂੰ ਗ੍ਰਾਫਿਕਲ ਰੂਪ ਵਿੱਚ ਦਰਸਾਇਆ ਜਾ ਸਕਦਾ ਹੈ।
3) ਇਸ ਵਿਚ ਅਸੀਂ ਸਕੂਲ ਦਾ ਟਾਈਮ-ਟੇਬਲ ਵੀ ਤਿਆਰ ਕਰ ਸਕਦੇ ਹਾਂ।
4) ਕਰਮਚਾਰੀਆਂ ਦੀਆਂ ਤਨਖਾਹਾਂ ਸੰਬੰਧੀ ਗਣਨਾਵਾਂ ਕਰਨ ਲਈ ਵੀ ਇਸਦੀ ਵਰਤੋਂ ਕੀਤੀ ਜਾ ਸਕਦੀ ਹੈ।
5) ਵਿਦਿਆਰਥੀਆਂ ਦੇ ਨਤੀਜੇ ਤਿਆਰ ਕਰਨ ਲਈ ਵੀ ਐਕਸਲ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਪ੍ਰ:3 ਐਮ. ਐਸ. ਐਕਸਲ ਵਿੱਚ ਰਿਬਨ ਦੀ ਵਿਆਖਿਆ ਕਰੋ।**

ਉ: ਰਿਬਨ ਮਾਈਕਰੋਸਾਫਟ ਐਕਸਲ ਦਾ ਇਕ ਮਹੱਤਵਪੂਰਨ ਭਾਗ ਹੈ। ਇਹ ਐਕਸਲ ਵਿੰਡੋ ਦੇ ਉਪਰਲੇ ਹਿੱਸੇ ਵਿਚ ਮੌਜੂਦਾ ਹੁੰਦਾ ਹੈ। ਇਹ ਟੈਬਜ਼ ਅਤੇ ਆਈਕਨਾਂ ਦਾ ਇੱਕ ਪੈਨਲ ਹੁੰਦਾ ਹੈ। ਐਕਸਲ ਦੀਆਂ ਲਗਭਗ ਸਾਰੀਆਂ ਕਮਾਂਡਾਂ ਜੋ ਅਸੀਂ ਐਕਸਲ ਵਿੱਚ ਕੰਮ ਕਰਨ ਦੌਰਾਨ ਵਰਤਦੇ ਹਾਂ, ਇਸ ਰਿਬਨ ਉਪਰ ਹੀ ਉਪਲਬਧ ਹੁੰਦੀਆਂ ਹਨ। ਇਹਨਾਂ ਸਾਰੀਆਂ ਕਮਾਂਡਾਂ ਨੂੰ ਉਹਨਾਂ ਦੇ ਕੰਮ ਦੇ ਆਧਾਰ ਤੇ ਵੱਖ-ਵੱਖ ਟੈਬਜ਼ ਵਿੱਚ ਵਿਵਸਥਿਤ ਕੀਤਾ ਗਿਆ ਹੁੰਦਾ ਹੈ। ਟੈਬਜ਼ ਵਿਚ ਇਹਨਾਂ ਕਮਾਂਡਾਂ ਨੂੰ ਵੱਖ-ਵੱਖ ਗਰੁੱਪਾਂ ਵਿੱਚ ਵੰਡਿਆ ਗਿਆ ਹੁੰਦਾ ਹੈ। ਐਕਸਲ ਰਿਬਨ ਵਿੱਚ 7 ਟੈਬ ਹੁੰਦੇ ਹਨ: **Home, Insert, Page Layout, Formulas, Data, Review,** ਅਤੇ **View** ਟੈਬ




**ਪ੍ਰ:4 ਨੇਮ ਬਾਕਸ ਕੀ ਹੁੰਦਾ ਹੈ?**

ਉ: ਨੇਮ ਬਾਕਸ ਐਕਸਲ ਵਿੱਚ ਫਾਰਮੂਲਾ ਬਾਰ ਦਾ ਇੱਕ ਹਿੱਸਾ ਹੁੰਦਾ ਹੈ। ਇਹ ਫਾਰਮੂਲਾ ਬਾਰ ਦੇ ਖੱਬੇ ਪਾਸੇ ਦਿਖਾਈ ਦਿੰਦਾ ਹੈ। ਇਹ ਇੱਕ ਇਨਪੁੱਟ ਬਾਕਸ ਹੁੰਦਾ ਹੈ। ਆਮ ਤੌਰ 'ਤੇ, ਇਹ ਐਕਟਿਵ ਸੈੱਲ ਦਾ ਐਡਰੈਸ ਦਿਖਾਉਂਦਾ ਹੈ। ਉਦਾਹਰਨ ਲਈ: ਜੇਕਰ ਅਸੀਂ ਸੈੱਲ B3 ਨੂੰ ਸਿਲੈਕਟ ਕੀਤਾ ਹੋਇਆ ਹੈ, ਤਾਂ ਨੇਮ ਬਾਕਸ ਵਿਚ ਸਾਨੂੰ ਐਕਟਿਵ ਸੈਲ ਦਾ ਐਡਰੈਸ B3 ਦਿਖਾਈ ਦੇਵੇਗਾ। ਅਸੀਂ ਵਰਕਸ਼ੀਟ ਵਿੱਚ ਤੇਜ਼ੀ ਨਾਲ ਨੈਵੀਗੇਟ ਕਰਨ ਲਈ ਨੇਮ ਬਾਕਸ ਵਿਚ ਸੈੱਲ ਐਡਰੈੱਸ ਇਨਪੁਟ ਵੀ ਕਰ ਸਕਦੇ ਹਾਂ।




**ਪ੍ਰ:5 ਐੱਮ ਐੱਸ ਐਕਸਲ ਵਿੱਚ ਰੋਅਜ਼ ਅਤੇ ਕਾਲਮਜ਼ ਦੀ ਵਿਆਖਿਆ ਕਰੋ।**

ਉ: ਐਕਸਲ ਵਿੱਚ ਰੋਅਜ਼ ਅਤੇ ਕਾਲਮ ਇੱਕ ਵਰਕਸ਼ੀਟ ਦਾ ਮਹੱਤਵਪੂਰਨ ਹਿੱਸਾ ਹੁੰਦੇ ਹਨ। ਇਹਨਾਂ ਦੀ ਵਿਆਖਿਆ ਹੇਠਾਂ ਦਿੱਤੀ ਗਈ ਹੈ:

- ਰੋਅਜ਼: ਵਰਕਸ਼ੀਟ ਵਿੱਚ ਸੈੱਲਾਂ ਦੀਆਂ ਲੇਟਵੀਆਂ ਲਾਈਨਾਂ ਨੂੰ ਰੋਅਜ਼ ਕਿਹਾ ਜਾਂਦਾ ਹੈ। ਹਰੇਕ ਰੋਅ ਦੀ ਪਛਾਣ ਰੋਅ ਨੰਬਰ ਦੁਆਰਾ ਕੀਤੀ ਜਾਂਦੀ ਹੈ। ਰੋਅਜ਼ ਦਾ ਨੰਬਰ 1,2,3,4, . . . . . . . ਹੁੰਦਾ ਹੈ। ਐਕਸਲ 2010 ਦੀ ਇੱਕ ਵਰਕਸ਼ੀਟ ਵਿੱਚ ਕੁੱਲ 1048576 ਰੋਅਜ਼ ਹੁੰਦੀਆਂ ਹਨ।
- ਕਾਲਮ: ਵਰਕਸ਼ੀਟ ਵਿੱਚ ਸੈੱਲਾਂ ਦੀਆਂ ਖੜਵੀਆਂ ਲਾਈਨਾਂ ਨੂੰ ਕਾਲਮ ਕਿਹਾ ਜਾਂਦਾ ਹੈ। ਹਰੇਕ ਕਾਲਮ ਦੀ ਪਛਾਣ ਕਾਲਮ ਹੈਡਰ ਦੁਆਰਾ ਕੀਤੀ ਜਾਂਦੀ ਹੈ। ਕਾਲਮਾਂ ਨੂੰ A, B, C, D,. . . . , AA, AB, . . . ਨਾਮ ਦਿੱਤਾ ਗਿਆ ਹੁੰਦਾ ਹੈ। ਆਖਰੀ ਕਾਲਮ ਦਾ ਨਾਮ XFD ਹੁੰਦਾ ਹੈ। ਐਕਸਲ 2010 ਵਿੱਚ ਕੁੱਲ 16384 ਕਾਲਮ ਹੁੰਦੇ ਹਨ।

**ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰ:1 ਐਮ. ਐਸ. ਐਕਸਲ ਵਰਕਸ਼ੀਟ ਦੇ ਮੁੱਢਲੇ ਕਾਰਜ ਕੀ ਹਨ?**

ਉ: ਵਰਕਸ਼ੀਟਾਂ 'ਤੇ ਲਾਗੂ ਕੀਤੇ ਜਾਣ ਵਾਲੇ ਕੁਝ ਮੁੱਢਲੇ ਕਾਰਜ ਹੇਠਾਂ ਦਿੱਤੇ ਗਏ ਹਨ:

- ਨਵੀਂ ਵਰਕਸ਼ੀਟ ਦਾਖਲ ਕਰਨਾ: ਐਕਸਲ 2010 ਵਿੱਚ ਮੂਲ ਰੂਪ ਵਿੱਚ 3 ਸ਼ੀਟਾਂ ਉਪਲਬਧ ਹੁੰਦੀਆਂ ਹਨ। ਅਸੀਂ ਸ਼ਾਰਟਕੱਟ ਕੀਅ Shift + F11 ਦੀ ਵਰਤੋਂ ਕਰਕੇ ਆਸਾਨੀ ਨਾਲ ਨਵੀਂ ਵਰਕਸ਼ੀਟ ਦਾਖਲ ਕਰ ਸਕਦੇ ਹਾਂ।
- ਵਰਕਸ਼ੀਟ ਦਾ ਨਾਮ ਬਦਲਣਾ: ਅਸੀਂ ਐਕਸਲ ਵਿੱਚ ਵਰਕਸ਼ੀਟਾਂ ਦਾ ਨਾਮ ਵੀ ਬਦਲ ਸਕਦੇ ਹਾਂ। ਸ਼ੀਟ ਦਾ ਨਾਮ ਬਦਲਣ ਲਈ, ਸ਼ੀਟ ਲੀਫ 'ਤੇ ਮਾਊਸ ਦਾ ਰਾਈਟ ਕਲਿੱਕ ਕਰੋ → 'Rename' ਆਪਸ਼ਨ 'ਤੇ ਕਲਿੱਕ ਕਰੋ।
- ਵਰਕਸ਼ੀਟ ਨੂੰ ਡਿਲੀਟ ਕਰਨਾ: ਜਦੋਂ ਕਿਸੇ ਵਰਕਸ਼ੀਟ ਦੀ ਜਰੂਰਤ ਨਾਂ ਹੋਵੇ ਤਾਂ ਉਸਨੂੰ ਡਿਲੀਟ ਵੀ ਕੀਤਾ ਜਾ ਸਕਦਾ ਹੈ। ਸ਼ੀਟ ਨੂੰ ਡਿਲੀਟ ਕਰਨ ਲਈ, ਸ਼ੀਟ ਲੀਫ 'ਤੇ ਮਾਊਸ ਦਾ ਰਾਈਟ ਕਲਿੱਕ ਕਰੋ → 'Delete' ਆਪਸ਼ਨ 'ਤੇ ਕਲਿੱਕ ਕਰੋ।
- ਵਰਕਸ਼ੀਟ ਨੂੰ ਕਾਪੀ ਕਰਨਾ: ਅਸੀਂ ਮੌਜੂਦਾ ਵਰਕਸ਼ੀਟ ਦੀ ਕਾਪੀ ਕਰਕੇ ਡੁਪਲੀਕੇਟ ਸ਼ੀਟ ਵੀ ਤਿਆਰ ਕਰ ਸਕਦੇ ਹਾਂ। ਸ਼ੀਟ ਦੀ ਕਾਪੀ ਕਰਨ ਲਈ, ਸ਼ੀਟ ਲੀਫ 'ਤੇ ਮਾਊਸ ਦਾ ਰਾਈਟ ਕਲਿੱਕ ਕਰੋ→ 'Move or Copy' ਆਪਸ਼ਨ 'ਤੇ ਕਲਿੱਕ ਕਰੋ।

**ਪ੍ਰ:2 ਐਮ. ਐੱਸ. ਐਕਸਲ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸੋ।**

ਉ: ਮਾਈਕਰੋਸਾਫਟ ਐਕਸਲ ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:

- ਆਸਾਨ ਡਾਟਾ ਵਿਸ਼ਲੇਸ਼ਣ: ਐਮ.ਐਸ. ਐਕਸਲ ਡਾਟਾ ਦਾ ਆਸਾਨੀ ਨਾਲ ਵਿਸ਼ਲੇਸ਼ਣ ਕਰਨ ਲਈ ਬਹੁਤ ਹੀ ਉੱਨਤ ਟੂਲ ਪ੍ਰਦਾਨ ਕਰਦਾ ਹੈ - ਜਿਵੇਂ ਕਿ ਸੌਰਟਿੰਗ, ਫਿਲਟਰਿੰਗ ਆਦਿ।
- ਕੰਡੀਸ਼ਨਲ ਫਾਰਮੈਟਿੰਗ: ਅਸੀਂ ਵੱਖ-ਵੱਖ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਆਪਣੇ ਡਾਟਾ ਨੂੰ ਫਾਰਮੈਟ ਕਰ ਸਕਦੇ ਹਾਂ।
- ਡਾਟਾ ਵੇਲੀਡੇਸ਼ਨ: ਇਹ ਸਾਨੂੰ ਕੁਝ ਮਾਪਦੰਡਾਂ ਦੇ ਅਧਾਰ ਤੇ ਡਾਟਾ ਨੂੰ ਪ੍ਰਮਾਣਿਤ ਕਰਨ ਯੋਗ ਬਣਾਉਂਦਾ ਹੈ।
- ਆਸਾਨੀ ਨਾਲ ਡਾਟਾ ਸਟੋਰ ਕਰਨਾ ਅਤੇ ਲੱਭਣਾ: ਅਸੀਂ ਵਰਕਸ਼ੀਟਾਂ ਵਿੱਚ ਆਸਾਨੀ ਨਾਲ ਡਾਟਾ ਸਟੋਰ ਕਰ ਸਕਦੇ ਹਾਂ ਅਤੇ ਲੱਭ ਸਕਦੇ ਹਾਂ।
- ਫੰਕਸ਼ਨ ਅਤੇ ਫਾਰਮੂਲੇ: ਐਕਸਲ ਗਣਨਾਵਾਂ ਕਰਨ ਲਈ ਕਈ ਤਰ੍ਹਾਂ ਦੇ ਫੰਕਸ਼ਨ ਅਤੇ ਫਾਰਮੂਲੇ ਪ੍ਰਦਾਨ ਕਰਦਾ ਹੈ।
- ਡਾਟਾ ਪ੍ਰੋਟੇਕਸ਼ਨ: ਐਕਸਲ ਦੀਆਂ ਸ਼ੀਟਾਂ ਨੂੰ ਪਾਸਵਰਡ ਦੀ ਵਰਤੋਂ ਕਰਕੇ ਸੁਰੱਖਿਅਤ ਕੀਤਾ ਜਾ ਸਕਦਾ ਹੈ।

**ਪ੍ਰ:3 ਵਰਕਬੁੱਕ ਅਤੇ ਵਰਕਸ਼ੀਟ ਦੇ ਵਿੱਚ ਅੰਤਰ ਲਿਖੋ।**

ਉ: ਵਰਕਸ਼ੀਟ ਅਤੇ ਵਰਕਬੁੱਕ ਵਿਚਕਾਰ ਅੰਤਰ ਹੇਠਾਂ ਟੇਬਲ ਵਿਚ ਦਰਸਾਇਆ ਗਿਆ ਹੈ:

| ਵਰਕਸ਼ੀਟ | ਵਰਕਬੁੱਕ |
|---|---|
| 1. ਵਰਕਸ਼ੀਟ ਇੱਕ ਸਿੰਗਲ-ਪੇਜ ਸਪ੍ਰੈਡਸ਼ੀਟ ਹੁੰਦੀ ਹੈ। | 1. ਇੱਕ ਵਰਕਬੁੱਕ ਐਕਸਲ ਦੀ ਇੱਕ ਫਾਈਲ ਹੁੰਦੀ ਹੈ। |
| 2. ਇੱਕ ਵਰਕਸ਼ੀਟ ਵਿੱਚ ਰੋਅਜ਼ ਅਤੇ ਕਾਲਮਜ਼ ਹੁੰਦੇ ਹਨ। | 2. ਇੱਕ ਵਰਕਬੁੱਕ ਵਿੱਚ ਵਰਕਸ਼ੀਟਾਂ ਹੁੰਦੀਆਂ ਹਨ। |
| 3. ਵਰਕਸ਼ੀਟਾਂ ਨੂੰ ਵਰਕਬੁੱਕ ਵਿੱਚ ਜੋੜਿਆ ਜਾ ਸਕਦਾ ਹੈ | 3. ਵਰਕਸ਼ੀਟ ਦੇ ਅੰਦਰ ਵਰਕਬੁੱਕ ਦਾਖਲ ਨਹੀਂ ਕੀਤੀ ਜਾ ਸਕਦੀ। |
| 4. ਵਰਕਬੁੱਕ ਤੋਂ ਬਿਨਾਂ ਵਰਕਸ਼ੀਟ ਸੇਵ ਨਹੀਂ ਕੀਤੀ ਜਾ ਸਕਦੀ। | 4. ਵਰਕਬੁੱਕ ਨੂੰ .xlsx ਐਕਸਟੈਂਸ਼ਨ ਨਾਲ ਸੇਵ ਕੀਤਾ ਜਾਂਦਾ ਹੈ। |